**ਪੰਜਾਬ ਸਰਕਾਰ**
**ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,ਪੰਜਾਬ**
**(ਵਿਕਾਸ ਭਵਨ,ਸੈਕਟਰ-62 ਅਜੀਤਗੜ੍ਹ-160062)**
**(ਈ.ਟੀ.ਟੀ ਸਾਖਾ)**

ਪੰਜਾਬ ਰਾਜ ਦੀਆਂ ਵੱਖ-ਵੱਖ ਜਿਲ੍ਹਾ ਪ੍ਰੀਸ਼ਦਾਂ ਵੱਲੋਂ ਪ੍ਰਾਇਮਰੀ ਸਕੂਲਾਂ ਵਿੱਚ 4901 ਈ.ਟੀ.ਟੀ ਅਧਿਆਪਕਾਂ ਦੀ ਭਰਤੀ ਲਈ ਯੋਗ ਉਮੀਦਵਾਰਾਂ ਵੱਲੋਂ ਆਨ ਲਾਈਨ ਦਰਖਾਸਤਾਂ ਮੰਗਣ ਬਾਰੇ ਰੋਜਾਨਾ ਅਜੀਤ, ਜਗਬਾਣੀ, ਦ ਟ੍ਰਿਬਿਊਨ, ਹਿੰਦੁਸਤਾਨ ਟਾਈਮਜ਼ ਅਤੇ ਪੰਜਾਬ ਕੇਸਰੀ ਦੇ ਅਖਬਾਰਾਂ ਵਿੱਚ ਮਿਤੀ 22.02.2014 ਨੂੰ ਪਬਲਿਕ ਨੋਟਿਸ ਦਿੱਤਾ ਗਿਆ ਹੈ। ਉਮੀਦਵਾਰ ਵਿਭਾਗ ਦੀ ਵੈੱਬ ਸਾਈਟ www.pbrdp.gov.in ਤੇ ਰਜਿਸਟਰੇਸ਼ਨ ਕਰਵਾਉਣ ਉਪਰੰਤ ਆਨਲਾਈਨ ਅਰਜੀਆਂ ਦੇ ਸਕਦੇ ਹਨ। ਇਨਾਂ ਅਸਾਮੀਆਂ ਨਾਲ ਸਬੰਧਤ ਯੋਗਤਾਵਾਂ, ਫੀਸ, ਰਾਖਵਾਂਕਰਨ ਅਤੇ ਨਿਯੁਕਤੀ ਸਬੰਧੀ ਜਰੂਰੀ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1. ਆਸਾਮੀਆਂ ਦੀ ਗਿਣਤੀ = 4901

2. ਅਸਾਮੀਆਂ ਦੀ ਜਿਲ੍ਹਾਵਾਰ ਗਿਣਤੀ:- ਨਿਯੁਕਤੀ ਲਈ ਯੋਗ ਉਮੀਦਵਾਰਾਂ ਦੀ ਜਿਲ੍ਹਾ-ਵਾਰ ਚੋਣ ਸਬੰਧਤ ਜਿਲ੍ਹਾ ਪ੍ਰੀਸ਼ਦ ਚੋਣ ਕਮੇਟੀ ਵੱਲੋਂ ਕੀਤੀ ਜਾਵੇਗੀ। ਜ਼ਿਲ੍ਹਾਵਾਰ ਅਸਾਮੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ। ਅਸਾਮੀਆਂ ਦੀ ਗਿਣਤੀ ਬਗੈਰ ਕਿਸੇ ਨੋਟਿਸ ਤੋਂ ਘਟਾਈ ਜਾਂ ਵਧਾਈ ਜਾ ਸਕਦੀ ਹੈ।

| ਲੜੀ ਨੰ | ਜਿਲ੍ਹੇ ਦਾ ਨਾਮ | ਜਨਰਲ | ਐਸ.ਸੀ | | ਐਕਸ ਸਰਵਿਸਮੈਨ | | | | ਬੀ.ਸੀ | ਸਪੋਰਟਸ ਮੈਨ | | ਅੰਗਹੀਣ | ਸੁਤੰਤਰਤਾ ਸੰਗਰਾਮੀ | ਕੁੱਲ ਅਸਾਮੀਆਂ |
|---|---|---|---|---|---|---|---|---|---|---|---|---|---|---|
| | | | M&B | R&O | ਐ.ਸੀ | | ਜਨਰਲ | ਬੀਸੀ | | ਐ.ਸੀ | ਜਨਰਲ | | | |
| | | | | | M&B | R&O | | | | | | | | |
| 1 | ਅੰਮ੍ਰਿਤਸਰ | 281 | 55 | 54 | 11 | 11 | 35 | 11 | 67 | 6 | 11 | 17 | 6 | 565 |
| 2 | ਬਠਿੰਡਾ | - | - | - | 0 | 1 | 3 | 1 | - | - | 1 | - | - | 6 |
| 3 | ਫਰੀਦਕੋਟ | 37 | 7 | 7 | 1 | 1 | 5 | 2 | 8 | 1 | 2 | 2 | 1 | 74 |
| 4 | ਫਤਿਹਗੜ੍ਹ ਸਾਹਿਬ | 93 | 19 | 19 | 3 | 4 | 14 | 4 | 19 | 2 | 3 | 6 | 2 | 188 |
| 5 | ਫਿਰੋਜਪੁਰ | 82 | 18 | - | 29 | - | 11 | 12 | 37 | 9 | 5 | 5 | 1 | 209 |
| 6 | ਗੁਰਦਾਸਪੁਰ | 211 | 42 | 43 | 17 | - | 30 | 8 | 42 | 4 | 8 | 13 | 4 | 422 |
| 7 | ਹੁਸ਼ਿਆਰਪੁਰ | 53 | 10 | 11 | 4 | - | 7 | 2 | 11 | 1 | 2 | 3 | 1 | 105 |
| 8 | ਜਲੰਧਰ | 383 | 81 | 87 | 14 | 13 | 48 | 15 | 77 | 7 | 14 | 22 | 7 | 768 |
| 9 | ਕਪੂਰਥਲਾ | 12 | - | - | 3 | - | - | - | - | - | 3 | 4 | 1 | 23 |
| 10 | ਲੁਧਿਆਣਾ | 46 | 9 | 9 | 4 | - | 6 | 2 | 9 | 1 | 2 | 3 | 1 | 92 |
| 11 | ਮਾਨਸਾ | 14 | - | - | - | - | 2 | 4 | 10 | - | - | 1 | - | 31 |
| 12 | ਮੋਗਾ | 170 | 35 | 34 | 6 | 7 | 24 | 7 | 33 | 4 | 7 | 11 | 3 | 341 |
| 13 | ਮੁਕਤਸਰ ਸਾਹਿਬ | 52 | 25 | 36 | 5 | - | 21 | - | 34 | - | 8 | 10 | 6 | 197 |
| 14 | ਨਵਾਂਸ਼ਹਿਰ | 149 | 25 | - | 8 | 7 | 24 | 5 | 21 | 3 | 8 | 7 | 4 | 261 |
| 15 | ਪਟਿਆਲਾ | 34 | 8 | 7 | 3 | - | 6 | 1 | 8 | 1 | 1 | 3 | 1 | 73 |
| 16 | ਰੋਪੜ | 70 | 15 | 14 | 3 | 2 | 10 | 3 | 14 | 2 | 3 | 5 | 1 | 142 |
| 17 | ਸੰਗਰੂਰ | 137 | 27 | 28 | 5 | 6 | 20 | 5 | 28 | 3 | 5 | 9 | 3 | 276 |
| 18 | ਫਾਜਿਲਕਾ | ਨਿੱਲ | ਨਿੱਲ | ਨਿੱਲ | ਨਿੱਲ | ਨਿੱਲ | ਨਿੱਲ | ਨਿੱਲ | ਨਿੱਲ | ਨਿੱਲ | ਨਿੱਲ | ਨਿੱਲ | ਨਿੱਲ | ਨਿੱਲ |
| 19 | ਪਠਾਨਕੋਟ | 47 | 5 | 19 | 2 | - | 22 | 1 | 18 | - | 5 | 6 | 5 | 130 |
| 20 | ਤਰਨਤਾਰਨ | 293 | 56 | 56 | 12 | 11 | 36 | 12 | 70 | 6 | 11 | 18 | 6 | 587 |
| 21 | ਬਰਨਾਲਾ | 84 | 15 | 16 | 4 | 3 | 12 | 4 | 17 | 2 | 4 | 5 | 2 | 168 |
| 22 | ਮੋਹਾਲੀ | 121 | 24 | 25 | 4 | 5 | 17 | 5 | 24 | 3 | 5 | 8 | 2 | 243 |
| | ਕੁੱਲ ਜੋੜ | 2369 | 476 | 465 | 138 | 71 | 353 | 104 | 547 | 55 | 108 | 158 | 57 | 4901 |

3. ਤਨਖਾਹ ਸਕੇਲ :-**ਰੁਪਏ** 10300-34800+4200 **ਗਰੇਡ ਪੇ**

4. ਵਿਦਿੱਅਕ ਯੋਗਤਾਵਾਂ :-

(ੳ) ਉਮੀਦਵਾਰ ਵੱਲੋਂ ਹੇਠ ਲਿਖੀਆਂ ਯੋਗਤਾਵਾਂ ਵਿੱਚੋਂ ਕਿਸੇ ਇੱਕ ਆਪਸ਼ਨ ਵਾਲੀਆਂ ਯੋਗਤਾਵਾਂ ਪਾਸ ਕੀਤੀਆਂ ਹੋਣੀਆਂ ਲਾਜ਼ਮੀ ਹਨ;

ਸੀਨੀਅਰ ਸਕੈਂਡਰੀ ਪ੍ਰੀਖਿਆ (ਜਾਂ ਇਸ ਦੇ ਬਰਾਬਰ) ਵਿੱਚ ਘੱਟੋਂ ਘੱਟ 50% ਅੰਕ ਅਤੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ ਕਿਸੇ ਵੀ ਸੰਸਥਾ ਤੋਂ ਦੋ ਸਾਲ ਦਾ ਐਲੀਮੈਂਟਰੀ ਟੀਚਰ ਟ੍ਰੇਨਿੰਗ ਡਿਪਲੋਮਾ;

**ਜਾਂ**

ਸੀਨੀਅਰ ਸਕੈਂਡਰੀ ਪ੍ਰੀਖਿਆ (ਜਾਂ ਇਸ ਦੇ ਬਰਾਬਰ) ਵਿੱਚ ਘੱਟੋਂ ਘੱਟ 50% ਅੰਕ ਅਤੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ ਕਿਸੇ ਵੀ ਸੰਸਥਾ ਤੋਂ ਦੋ ਸਾਲ ਦਾ ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ;

**ਜਾਂ**

ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (ਰਿਕੋਗਨੀਸ਼ਨ ਨਾਰਮਜ਼ ਐਂਡ ਪ੍ਰੋਸੀਜਰ) ਰੈਗੂਲੇਸ਼ਨਜ਼ 2002 ਦੇ ਉਪਬੰਧਾਂ ਅਨੁਸਾਰ ਸੀਨੀਅਰ ਸਕੈਂਡਰੀ ਪ੍ਰੀਖਿਆ (ਜਾਂ ਇਸ ਦੇ ਬਰਾਬਰ) ਵਿੱਚ ਘੱਟੋਂ ਘੱਟ 45% ਅੰਕ ਅਤੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ ਕਿਸੇ ਵੀ ਸੰਸਥਾ ਤੋਂ ਦੋ ਸਾਲ ਦਾ ਡਿਪਲੋਮਾ ਇਨ ਐਂਲੀਮੈਂਟਰੀ ਐਜੂਕੇਸ਼ਨ;

**ਜਾਂ**

ਸੀਨੀਅਰ ਸਕੈਂਡਰੀ ਪ੍ਰੀਖਿਆ (ਜਾਂ ਇਸ ਦੇ ਬਰਾਬਰ) ਵਿੱਚ ਘੱਟੋਂ ਘੱਟ 50% ਅੰਕ ਅਤੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ ਕਿਸੇ ਵੀ ਸੰਸਥਾ ਤੋਂ ਚਾਰ ਸਾਲ ਦਾ ਬੈਚੂਲਰ ਆਫ ਐਂਲੀਮੈਂਟਰੀ ਐਜੂਕੇਸ਼ਨ (ਬੀ.ਐਲ.ਐਡ.) ਦੀ ਡਿਗਰੀ;

**ਜਾਂ**

ਸੀਨੀਅਰ ਸਕੈਂਡਰੀ ਪ੍ਰੀਖਿਆ (ਜਾਂ ਇਸ ਦੇ ਬਰਾਬਰ) ਵਿੱਚ ਘੱਟੋਂ ਘੱਟ 50% ਅੰਕ ਅਤੇ ਰਿਹੈਬਿਲੀਟੇਸ਼ਨ ਕੌਂਸਲ ਆਫ ਇੰਡੀਆ (ਆਰ.ਸੀ.ਆਈ) ਤੋਂ ਮਾਨਤਾ ਪ੍ਰਾਪਤ ਕਿਸੇ ਵੀ ਸੰਸਥਾ ਤੋਂ ਦੋ ਸਾਲ ਦਾ ਡਿਪਲੋਮਾ ਇਨ ਐਜੂਕੇਸ਼ਨ (ਸਪੈਸ਼ਲ ਐਜੂਕੇਸ਼ਨ);

**ਨੋਟ**:- ਉਮੀਦਵਾਰ, ਜਿਸ ਨੇ ਡਿਪਲੋਮਾ ਇੰਨ ਅਜੈਕੇਸ਼ਨ (ਸਪੈਸ਼ਲ ਐਜੂਕੇਸ਼ਨ) ਕੀਤਾ ਹੋਵੇ, ਨੂੰ ਨਿਯੁਕਤੀ ਉਪਰੰਤ ਪੰਜਾਬ ਸਰਕਾਰ ਸਿੱਖਿਆ ਵਿਭਾਗ ਅਤੇ ਨੈਸ਼ਨਲ ਕੋਂਸਲ ਫਾਰ ਟੀਚਰ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ ਕਿਸੇ ਵੀ ਸੰਸਥਾ ਤੋਂ 6 ਮਹੀਨੇ ਦਾ ਐਲੀਮੈਂਟਰੀ ਐਜੂਕੇਸ਼ਨ ਵਿੱਚ ਸਪੈਸ਼ਲ ਕੋਰਸ ਕਰਨਾ ਹੋਵੇਗਾ।

ਪਰ ਸ਼ਰਤ ਹੈ ਕਿ ਉਪਰੋਕਤ ਦਰਸਾਈਆਂ ਯੋਗਤਾਵਾਂ ਸਬੰਧੀ ਹਰ ਇੱਕ ਆਪਸ਼ਨ ਵਿੱਚ ਸੀਨੀਅਰ ਸਕੈਂਡਰੀ ਪ੍ਰੀਖਿਆ (ਜਾਂ ਇਸ ਦੇ ਬਰਾਬਰ) ਦੀ ਯੋਗਤਾ ਵਿੱਚ ਐਸ.ਸੀ ਉਮੀਦਵਾਰਾਂ ਨੂੰ ਕੁੱਲ ਅੰਕਾਂ ਵਿੱਚ 5% ਅੰਕਾਂ ਦੀ ਛੋਟ ਹੈ।

**ਜਾਂ**

ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਅਤੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਸੰਸਥਾ ਤੋਂ ਦੋ ਸਾਲ ਦਾ ਡਿਪਲੋਮਾ ਇਨ ਐਂਲੀਮੈਟਰੀ ਐਜੂਕੇਸ਼ਨ।

(ਅ) ਉਮੀਦਵਾਰ ਨੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ-ਪੇਪਰ-I (P.S.T.E.T) ਅਪਲਾਈ ਕਰਨ ਦੀ ਆਖਰੀ ਮਿਤੀ ਜਾਂ ਇਸ ਤੋਂ ਪਹਿਲਾਂ ਪਾਸ ਕੀਤਾ ਹੋਵੇ।

(ੲ) ਇਹਨਾਂ ਅਸਾਮੀਆਂ ਲਈ ਦਸਵੀਂ ਪੱਧਰ ਦੀ ਪੰਜਾਬੀ ਦੀ ਯੋਗਤਾ ਜਰੂਰੀ ਹੈ। ਇਸ ਮੰਤਵ ਲਈ ਉਮੀਦਵਾਰ ਪਾਸ ਦਸਵੀਂ ਜਾਂ ਇਸਦੇ ਬਰਾਬਰ ਦੀ ਪ੍ਰੀਖਿਆ ਵਿੱਚ ਪੰਜਾਬੀ (ਕੰਪਲਸਰੀ ਜਾਂ ਇਲੈਕਟਿਵ ਦੇ ਤੌਰ ਤੇ) ਪਾਸ ਕਰਨ ਬਾਰੇ ਸਰਟੀਫਿਕੇਟ (ਸਬੂਤ) ਹੋਣਾ ਜ਼ਰੂਰੀ ਹੈ।

**ਨੋਟ**:-ਉਮੀਦਵਾਰ ਕੋਲ ਉਪਰੋਕਤ ਲੋੜੀਂਦੀਆਂ ਯੋਗਤਾਵਾਂ, ਅਪਲਾਈ ਕਰਨ ਦੀ ਅਖਰੀ ਮਿਤੀ ਤੱਕ ਹਰ ਪੱਖੋਂ ਮੁਕੰਮਲ ਹੋਣੀਆਂ ਚਾਹੀਦੀਆਂ ਹਨ।

5. **ਉਮਰ**:- ਉਮੀਦਵਾਰ ਦੀ ਉਮਰ 01/01/2014 ਨੂੰ 18 ਸਾਲਾਂ ਤੋਂ ਘੱਟ ਅਤੇ 38 ਸਾਲਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ ਹੈ।ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਰਾਖਵੀਆਂ ਸ੍ਰੇਣੀਆਂ ਦੇ ਉਮੀਦਵਾਰਾਂ ਨੂੰ ਉਮਰ ਵਿੱਚ ਛੋਟ ਹੇਠ ਲਿਖੇ ਅਨੁਸਾਰ ਦਿੱਤੀ ਜਾਵੇਗੀ:-

5.1 ਪੰਜਾਬ ਰਾਜ ਦੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੇ ਉਮੀਦਵਾਰਾਂ ਲਈ ਉਪਰਲੀ ਉਮਰ-ਸੀਮਾ 43 ਸਾਲ ਤੱਕ ਹੋਵੇਗੀ।

5.2 ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਪਰਲੀ ਉਮਰ-ਸੀਮਾ 45 ਸਾਲ ਤੱਕ ਹੋਵੇਗੀ।

5.3 ਸਰਕਾਰੀ ਕਰਮਚਾਰੀਆਂ ਤੇ ਲਾਗੂ ਨੀਤੀ ਅਨੁਸਾਰ ਪੰਜਾਬ ਦੇ ਸਾਬਕਾ ਫੌਜੀਆਂ ਨੂੰ ਉਪਰਲੀ ਉਮਰ-ਸੀਮਾ ਵਿੱਚ ਛੋਟ ਹੋਵੇਗੀ ਜਿਸ ਅਨੁਸਾਰ ਉਸ ਦੀ ਫੋਜ ਵਿੱਚ ਕੀਤੀ ਸੇਵਾ ਨੂੰ ਉਸ ਦੀ ਅਸਲ ਉਮਰ ਵਿਚੋਂ ਘਟਾਉਣ ਤੇ ਬਣਦੀ ਉਮਰ ਇਨ੍ਹਾਂ ਪੋਸਟਾ ਲਈ ਦਿੱਤੀ ਉਪਰਲੀ ਉਮਰ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

5.4 ਵਿਧਵਾ ਅਤੇ ਤਲਾਕਸ਼ੁਦਾ ਔਰਤਾਂ ਨੂੰ ਉਮਰ ਦੀ ਉਪਰਲੀ ਉਮਰ-ਸੀਮਾ ਵਿੱਚ 42 ਸਾਲ ਤੱਕ ਛੋਟ ਹੋਵੇਗੀ।

5.5 ਫਿਜੀਕਲੀ ਹੈਂਡੀਕੈਪਡ ਉਮੀਦਵਾਰਾਂ ਦੀ ਉਪਰਲੀ ਉਮਰ-ਸੀਮਾ ਵਿੱਚ 48 ਸਾਲ ਤੱਕ ਛੋਟ ਹੋਵੇਗੀ।

6. **ਕੌਮੀਅਤ** :-

(i) ਉਮੀਦਵਾਰ ਭਾਰਤ ਦਾ ਨਾਗਰਿਕ ਹੋਵੇ ; ਜਾਂ

(ii) ਨੇਪਾਲ ਦਾ ਨਾਗਰਿਕ ਹੋਵੇ; ਜਾਂ

(iii) ਭੂਟਾਨ ਦੀ ਪ੍ਰਜਾ; ਜਾਂ

(iv) ਤਿਬਤੀ ਸ਼ਰਨਾਥੀ ਜਿਹੜੇ 1 ਜਨਵਰੀ 1962 ਤੋਂ ਪਹਿਲਾਂ ਭਾਰਤ ਵਿੱਚ ਪੱਕੇ ਤੌਰ ਤੇ ਵਸਣ ਦੀ ਮਨਸ਼ਾ ਨਾਲ ਆ ਚੁੱਕੇ ਹਨ; ਜਾਂ

(v) ਭਾਰਤੀ ਮੂਲ ਦਾ ਉਹ ਵਿਅਕਤੀ ਜਿਹੜਾ ਪਾਕਿਸਤਾਨ, ਬਰਮਾ, ਸ੍ਰੀ ਲੰਕਾ ਅਤੇ ਪੂਰਬੀ ਅਫਰੀਕਨ ਦੇਸ਼ ਜਿਵੇਂ ਕਿ ਕੀਨੀਆਂ, ਯੁਗਾਡਾਂ, ਯੁਨਾਈਟਿਡ ਰਿਪਬਲਿਕ ਆਫ ਤਨਜਾਨੀਆਂ (ਪਹਿਲਾਂ ਤੰਗਣਯਾਈਕਾ, ਜੰਜੀਬਾਰ), ਜਾਂਬੀਆਂ, ਮਾਲਵੀ, ਜੈਰੇ, ਇਥੋਪੀਆ ਅਤੇ ਵੀਤਨਾਮ ਤੋਂ ਭਾਰਤ ਵਿੱਚ ਪੱਕੇ ਤੌਰ ਤੇ ਵਸਣ ਦੀ ਮਨਸ਼ਾ ਨਾਲ ਆਇਆ ਹੋਵੇ।

ਬਸ਼ਰਤੇ ਕਿ ਕੈਟਾਗਰੀ (ii), (iii), (iv) ਅਤੇ (v) ਨਾਲ ਸਬੰਧਤ ਵਿਅਕਤੀ ਨੂੰ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵੱਲੋਂ ਇਸ ਮੰਤਵ ਲਈ ਯੋਗਤਾ ਸਰਟੀਫਿਕੇਟ ਜਾਰੀ ਕੀਤਾ ਹੋਵੇ।

**7. ਫੀਸ :-**

7.1 ਉਮੀਦਵਾਰਾਂ ਨੂੰ ਅਪਲਾਈ ਕਰਨ ਸਮੇਂ ਹੇਠ ਲਿਖੇ ਅਨੁਸਾਰ ਫੀਸ ਦੇਣੀ ਹੋਵੇਗੀ:-

| ਕੈਟਾਗਰੀ ਦਾ ਨਾ | ਫੀਸ |
|---|---|
| ਪੰਜਾਬ ਰਾਜ ਦੇ ਐਸ.ਸੀ./ਐਸ.ਟੀ., ਅੰਗਹੀਣ ਅਤੇ ਬੀ.ਸੀ | 500/- ਰੁਪਏ |
| ਪੰਜਾਬ ਰਾਜ ਦੇ ਸਾਬਕਾ ਸੈਨਿਕ (ਖੁੱਦ) | ਕੋਈ ਨਹੀਂ |
| ਜਨਰਲ ਕੈਟਾਗਰੀ ਅਤੇ ਦੂਸਰੀਆਂ ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰ (ਸਮੇਤ ਪੰਜਾਬ ਰਾਜ ਦੇ ਸਾਬਕਾ ਸੈਨਿਕਾਂ ਉੱਤੇ ਆਸ਼ਰਿਤ) | 1000/- ਰੁਪਏ |

7.2 ਫੀਸ ਸਬੰਧਤ ਜਿਲ੍ਹੇ ਵਿੱਚ ਸਟੇਟ ਬੈਂਕ ਆਫ ਪਟਿਆਲਾ ਦੀ ਕਿਸੇ ਵੀ ਸ਼ਾਖਾ ਵਿੱਚ ਭਰੀ ਜਾ ਸਕਦੀ ਹੈ।ਉਮੀਦਵਾਰ ਨੂੰ ਆਨਲਾਈਨ ਐਪਲੀਕੇਸ਼ਨ ਫਾਰਮ ਵਿੱਚ ਆਪਣੀ ਡਿਟੇਲ ਧਿਆਨ ਨਾਲ ਭਰਨੀ ਚਾਹੀਦੀ ਹੈ।ਡਿਟੇਲ ਭਰਨ ਤੋਂ ਬਾਅਦ ਉਮੀਦਵਾਰ ਨੂੰ ਸਿਸਟਮ ਜਨਰੇਟਡ ਚਲਾਨ ਲੈ ਕੇ ਲੋੜੀਂਦੀ ਫੀਸ ਬੈਂਕ ਜਮ੍ਹਾ ਕਰਵਾਉਣੀ ਜਰੂਰੀ ਹੈ। ਬੈਂਕ ਵਿਖੇ ਫੀਸ ਜਮਾਂ ਕਰਵਾਉਣ ਉਪਰੰਤ ਹੀ ਉਮੀਦਵਾਰ ਆਨਲਾਈਨ ਅਪਲਾਈ ਕਰ ਸਕਦਾ ਹੈ।

8. ਰਾਖਵਾਂਕਰਨ:-

8.1 ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਪੋਸਟਾਂ ਦਾ ਰਾਖਵਾਂਕਰਨ ਹੋਵੇਗਾ।

8.2 ਦੂਸਰੀਆਂ ਵੱਖ-2 ਸ਼੍ਰੇਣੀਆਂ ਲਈ ਰਾਖਵਾਂਕਰਨ ਵੀ ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਹੋਵੇਗਾ।

8.3 ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ **ਪੱਕੇ ਵਾਸੀਆਂ** ਨੂੰ ਹੀ ਮਿਲੇਗਾ।

8.4 ਉਮੀਦਵਾਰ ਕੇਵਲ ਇੱਕ ਹੀ ਰਾਖਵੀਂ ਸ੍ਰੇਣੀ ਲਈ ਅਪਲਾਈ ਕਰ ਸਕਦਾ ਹੈ। ਇੱਕ ਵਾਰੀ ਚੁਣੀ ਗਈ ਕੈਟਾਗਰੀ ਬਦਲੀ ਨਹੀਂ ਜਾ ਸਕੇਗੀ।

**ਰਾਖਵੇਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਨੂੰ ਹੇਠ ਲਿਖੇ ਸਬੂਤ ਪੇਸ਼ ਕਰਨੇ ਲਾਜ਼ਮੀ ਹੋਣਗੇ:-**

8.5 ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪਛੜੀ ਸ੍ਰੇਣੀ ਦੇ ਰਾਖਵੇਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ, ਉਹ ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਸਬੰਧਤ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਜਾਤੀ-ਸਰਟੀਫਿਕੇਟ ਕਾਊਂਸਲਿੰਗ ਸਮੇਂ ਪੇਸ਼ ਕਰਨਗੇ। ਇਸ ਸਰਟੀਫਿਕੇਟ ਵਿੱਚ ਜਾਤੀ ਸਪਸ਼ਟ ਤੌਰ ਤੇ ਲਿਖੀ ਹੋਵੇ।

8.6 ਪੱਛੜੀ ਸ੍ਰੇਣੀ ਦਾ ਸਰਟੀਫਿਕੇਟ ਇਸ ਵਿਗਿਆਪਨ ਵਿੱਚ ਦਰਸਾਈ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਇੱਕ ਸਾਲ ਦੇ ਅੰਦਰ ਅਤੇ ਪੰਜਾਬ ਸਰਕਾਰ ਦੇ ਭਲਾਈ ਵਿਭਾਗ ਦੀ ਪਾਲਿਸੀ ਅਤੇ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਬਣਿਆ ਹੋਵੇ।

8.7 ਅਨੁਸੂਚਿਤ ਜਾਤੀ / ਪਛੜੀ ਸ੍ਰੇਣੀ ਦੀ ਉਹ ਇਸਤਰੀ ਉਮੀਦਵਾਰ, ਜਿਸ ਦੇ ਸਰਟੀਫਿਕੇਟ ਵਿੱਚ ਵਿਆਹ ਉਪਰੰਤ ਉਸ ਦੇ ਨਾਂ ਨਾਲ ਪਿਤਾ/ਮਾਤਾ ਦੇ ਨਾਮ ਦੀ ਥਾਂ ਤੇ ਪਤੀ ਦਾ ਨਾਮ ਦਰਜ ਹੈ, ਉਸ ਇਸਤਰੀ ਉਮੀਦਵਾਰ ਨੂੰ ਸਕਰਿਊਟਨੀ ਸਮੇਂ ਵਿਆਹ ਤੋਂ ਪਹਿਲਾਂ ਦਾ ਉਹ ਸਰਟੀਫਿਕੇਟ ਜਿਸ ਵਿੱਚ ਇਸ ਉਮੀਦਵਾਰ ਦੇ ਨਾਂ ਨਾਲ ਪਿਤਾ/ਮਾਤਾ ਦਾ ਨਾਂ ਦਰਜ ਹੈ, ਸਬੂਤ ਵਜੋਂ ਕਾਊਂਸਲਿੰਗ ਸਮੇਂ ਪੇਸ਼ ਕਰਨਾ ਹੋਵੇਗਾ। ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਅਨੁਸੂਚਿਤ ਜਾਤੀ/ ਪਛੜੀ ਸ੍ਰੇਣੀ ਵਿੱਚ ਨਹੀਂ ਵਿਚਾਰੀ ਜਾਵੇਗੀ।

8.8 ਉਮੀਦਵਾਰ ਸੁੰਤਤਰਤਾ ਸੰਗਰਾਮੀ ਕੋਟੇ ਅਧੀਨ ਰਾਖਵਾਕਰਨ ਲੈਣ ਲਈ ਸਮਰੱਥ ਅਧਿਕਾਰੀ (ਸਬੰਧਤ ਜਿਲ੍ਹੇ ਦਾ ਡਿਪਟੀ ਕਮਿਸ਼ਨਰ) ਵੱਲੋਂ ਜਾਰੀ ਕੀਤਾ ਸਰਟੀਫਿਕੇਟ ਕਾਊਂਸਲਿੰਗ ਸਮੇਂ ਪੇਸ਼ ਕਰੇਗਾ ਜੋ ਕਿ ਵਿਗਿਆਪਨ ਵਿੱਚ ਦਿੱਤੀ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦਾ ਬਣਿਆ ਹੋਵੇ।

8.9 ਖਿਡਾਰੀ ਕੋਟਾ ਸ੍ਰੇਣੀ ਅਧੀਨ ਬਿਨੈ ਕਰਨ ਵਾਲੇ ਉਮੀਦਵਾਰ ਦੇ ਮਾਮਲੇ ਵਿੱਚ ਨਿਰਦੇਸ਼ਕ ਖੇਡਾਂ ਪੰਜਾਬ ਦੁਆਰਾ ਖੇਡਾਂ ਸਬੰਧੀ ਗਰੇਡਡ ਸਰਟੀਫਿਕੇਟ ਜਾਰੀ ਕੀਤਾ ਹੋਵੇ। ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲਈ ਉਮੀਦਵਾਰ ਕਾਊਂਸਲਿੰਗ ਸਮੇਂ ਗਰੇਡਡ ਸਰਟੀਫਿਕੇਟ ਦੇ ਨਾਲ ਜਿਸ ਇਵੈਂਟ ਵਿੱਚ ਪਹਿਲੀ, ਦੂਜੀ ਜਾਂ ਤੀਸਰੀ ਪੁਜੀਸ਼ਨ ਹਾਸਿਲ ਕੀਤੀ ਹੋਵੇ, ਬਾਰੇ ਸਰਟੀਫਿਕੇਟ ਵੀ ਕਾਊਂਸਲਿੰਗ ਸਮੇਂ ਪੇਸ਼ ਕਰੇਗਾ।

8.10 ਸ਼ਰੀਰਕ ਅਪਾਹਜ ਕੋਟੇ ਅਧੀਨ ਬਿਨੈ ਕਰਨ ਵਾਲਾ ਉਮੀਦਵਾਰ ਜਿਲ੍ਹੇ ਦੇ ਸਿਵਲ ਸਰਜਨ ਵੱਲੋਂ ਜਾਰੀ ਕੀਤਾ ਗਿਆ ਅਪਾਹਜ ਹੋਣ ਦਾ ਸਰਟੀਫਿਕੇਟ ਕਾਊਂਸਲਿੰਗ ਸਮੇਂ ਪੇਸ਼ ਕਰੇਗਾ ਜੋ ਕਿ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦਾ ਬਣਿਆ ਹੋਵੇ ਅਤੇ ਉਸ ਵਿੱਚ ਉਮੀਦਵਾਰ ਨੂੰ ਸਿਵਲ ਰੁਜ਼ਗਾਰ/ਨਿਰਧਾਰਤ ਅਸਾਮੀ ਲਈ ਫਿਟ ਕੀਤਾ ਹੋਵੇ।

8.11 **ਸਾਬਕਾ ਸੈਨਿਕ** EX-SERVICEMEN(PUNJAB) : 'Ex-serviceman' means a person who has served in any rank whether as a combatant in Naval Military and Air Force of Union of India ( here-in-after referred to as the Armed forces of the Union of India ), and who has:

a) retired or released from such service at his or her own request after earning his or her pension; Or

b) been released from such service on medical grounds attributable to military services or circumstances beyond his control and awarded medical of other disability pension; Or

c) been released otherwise than on his own request from such services as a result of reduction in establishment; or

d) been released from such services after completing the specific period of engagement otherwise than at his own request or by way of dismissal or discharge on account of misconduct or inefficiency and has been given a gratuity;

9. ਭਰਤੀ ਪ੍ਰਕਿਰਿਆ:- ਅਪਲਾਈ ਕਰਨ ਵਾਲੇ ਉਮੀਦਵਾਰਾਂ ਵਿਚੋਂ ਯੋਗ ਉਮੀਦਵਾਰਾਂ ਦੀ ਚੋਣ ਮੈਰਿਟ ਦੇ ਅਧਾਰ ਤੇ ਹੇਠ ਲਿਖੇ ਅਨੁਸਾਰ ਕੀਤੀ ਜਾਵੇਗੀ:-

9.1 (i) ਸੀਨੀਅਰ ਸੈਕੰਡਰੀ ਪ੍ਰੀਖਿਆ ਵਿਚੋਂ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ; ਅਤੇ

(ii) ਡਿਪਲੋਮਾ ਇਨ ਐਂਲੀਮੈਂਟਰੀ ਟੀਚਰ ਟ੍ਰੇਨਿੰਗ (E.T.T) ਜਾਂ ਡਿਪਲੋਮਾ ਇਨ ਐਂਲੀਮੈਂਟਰੀ ਸਿੱਖਿਆ (D.El.Ed) ਜਾਂ ਬੈਚਲੋਰ ਆਫ ਐਲੀਮੈਂਟਰੀ ਐਜੁਕੇਸ਼ਨ (B.El.Ed) ਜਾਂ ਡਿਪਲੋਮਾ ਇਨ ਐਜੁਕੇਸ਼ਨ (Special Education), (ਉਮੀਦਵਾਰ ਜੋ ਵੀ ਰੱਖਦਾ ਹੋਵੇ) ਦੀ ਪ੍ਰਤੀਸ਼ਤਤਾ; **ਅਤੇ**

**(iii)** ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ (ਪੇਪਰ-I) (PSTET Paper-1), ਦੀ ਪ੍ਰਤੀਸ਼ਤਤਾ ਨੂੰ ਜੋੜ ਕੇ ਉਮੀਦਵਾਰਾਂ ਦੀ ਮੈਰਿਟ ਬਣਾਈ ਜਾਵੇਗੀ।

ਜਿਵੇਂ ਕਿ ਮੰਨ ਲਵੋਂ :-

| | | |
|---|---|---|
| (ੳ) ਸੀਨੀਅਰ ਸੈਕੰਡਰੀ ਪ੍ਰੀਖਿਆ ਵਿੱਚ ਪ੍ਰਾਪਤ ਅੰਕ 62% ਹੋਣ, ਤਾਂ | = | 62 ਅੰਕ |
| (ਅ) ਈ.ਟੀ.ਟੀ. ਜਾਂ ਡੀ.ਐਲ.ਐਡ.ਜਾਂ ਬੀ.ਐਲ.ਐਡ. ਜਾਂ ਡੀ.ਐਡ.(ਸਪੈਸ਼ਲ ਐਜੂਕੇਸ਼ਨ) (ਉਮੀਦਵਾਰ ਜੋ ਵੀ ਯੋਗਤਾ ਰੱਖਦਾ ਹੋਵੇ) ਵਿਚੋਂ ਪ੍ਰਾਪਤ ਅੰਕ 72% ਹੋਣ, ਤਾਂ | = | 72 ਅੰਕ |
| (ੲ) ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਪੇਪਰ-I (PSTET Paper-1), ਵਿੱਚ ਪ੍ਰਾਪਤ ਅੰਕ 70% ਹੋਣ ਤਾਂ | = | 70 ਅੰਕ |
| ਕੁੱਲ | = | 204 ਅੰਕ |

9.2 ਜੇਕਰ ਉਮੀਦਵਾਰ ਦੀ ਯੋਗਤਾ ਗ੍ਰੈਜੂਏਸ਼ਨ, ਦੋ ਸਾਲਾਂ ਐਲੀਮੈਂਟਰੀ ਐਜੂਕੇਸ਼ਨ ਦਾ ਡਿਪਲੋਮਾ ਅਤੇ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਹੋਵੇ ਤਾਂ

(i) ਗ੍ਰੈਜੂਏਸ਼ਨ ਜਾਂ ਸੀਨੀਅਰ ਸੈਕੰਡਰੀ ਪ੍ਰੀਖਿਆ (ਦੋਹਾਂ ਵਿੱਚੋਂ ਜਿਸ ਵਿੱਚ ਅੰਕਾਂ ਦੀ ਪ੍ਰਤੀਸ਼ਤਤਾ ਵੱਧ ਹੋਵੇ) ਦੀ ਪ੍ਰਤੀਸ਼ਤਤਾ; ਅਤੇ

(ii) ਈ.ਟੀ.ਟੀ. ਜਾਂ ਡੀ.ਐਲ.ਐਡ.ਜਾਂ ਬੀ.ਐਲ.ਐਡ. ਜਾਂ ਡੀ.ਐਡ.(ਸਪੈਸ਼ਲ ਐਜੂਕੇਸ਼ਨ) (ਉਮੀਦਵਾਰ ਜੋ ਵੀ ਯੋਗਤਾ ਰੱਖਦਾ ਹੋਵੇ) ਆਦਿ ਦੀ ਪ੍ਰਤੀਸ਼ਤਤਾ; **ਅਤੇ**

(iii) ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਪੇਪਰ-I (PSTET Paper-1), ਦੀ ਪ੍ਰਤੀਸ਼ਸਤਾ ਨੂੰ ਜੋੜ ਕੇ ਉਮੀਦਵਾਰਾਂ ਦੀ ਮੈਰਿਟ ਬਣਾਈ ਜਾਵੇਗੀ।

ਜਿਵੇਂ ਕਿ ਮੰਨ ਲਵੋਂ :-

(ੳ) ਗ੍ਰੈਜੂਏਸ਼ਨ ਵਿੱਚ **ਪ੍ਰਤੀਸ਼ਤਤਾ** 55% ਹੈ; ਅਤੇ
ਸੀਨੀਅਰ ਸੈਕੰਡਰੀ ਪ੍ਰੀਖਿਆ ਵਿੱਚ **ਪ੍ਰਤੀਸ਼ਤਤਾ 62%** ਹੈ, ਤਾਂ = 62 ਅੰਕ

(ਅ)ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ ਵਿੱਚ ਪ੍ਰਾਪਤ ਅੰਕ 72% ਹੋਣ, ਤਾਂ = 72 ਅੰਕ

(ੲ)ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਪੇਪਰ-I (PSTET Paper-1),
ਵਿੱਚ ਪ੍ਰਾਪਤ ਅੰਕ 70% ਹੋਣ ਤਾਂ = 70 ਅੰਕ

ਕੁੱਲ = 204 ਅੰਕ

9.3 ਜੇਕਰ ਕੋਈ ਦੋ ਉਮੀਦਵਾਰਾਂ ਦੇ ਕੁੱਲ ਅੰਕ ਬਰਾਬਰ ਪਾਏ ਜਾਂਦੇ ਹਨ ਤਾਂ ਉਮਰ ਵਿੱਚ ਵੱਡੇ ਉਮੀਦਵਾਰ ਨੂੰ ਮੈਰਿਟ ਵਿੱਚ ਪਹਿਲ ਦਿੱਤੀ ਜਾਵੇਗੀ।

10. ਆਮ ਸ਼ਰਤਾਂ :-

10.1 ਉਮੀਦਵਾਰ ਸਾਰੀਆਂ ਹਦਾਇਤਾਂ ਨੂੰ ਚੰਗੀ ਤਰ੍ਹਾਂ ਪੜ੍ਹ ਲਵੇ। ਇਕ ਵਾਰੀ ਭਰਿਆ ਡਾਟਾ ਬਦਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਮੀਦਵਾਰ ਆਪਣੀ ਰਾਖਵੀਂ ਕੈਟਾਗਰੀ ਵੀ ਧਿਆਨ ਨਾਲ ਭਰੇ। ਇਕ ਵਾਰੀ ਭਰੀ ਗਈ ਕੈਟਾਗਰੀ ਵਿੱਚ ਫਿਰ ਤਬਦੀਲੀ ਨਹੀਂ ਹੋਵੇਗੀ।

10.2 ਉਮੀਦਵਾਰ,ਜੇ ਚਾਹੇ, ਇਕ ਤੋਂ ਵੱਧ ਜਿਲ੍ਹਿਆ ਵਿੱਚ ਅਪਲਾਈ ਕਰ ਸਕਦਾ ਹੈ।ਪ੍ਰੰਤੂ ਕਾਊਂਸਲਿੰਗ ਸਮੇਂ ਇਹ ਫੈਸਲਾ ਉਮੀਦਵਾਰ ਵੱਲੋਂ ਹੀ ਲਿਆ ਜਾਣਾ ਹੈ ਕਿ ਉਸ ਨੇ ਕਿਸ ਜ਼ਿਲ੍ਹੇ ਵਾਸਤੇ ਕਾਊਂਸਲਿੰਗ ਲਈ ਪੇਸ਼ ਹੋਣਾ ਹੈ।

10.3 ਐਪਲੀਕੇਸ੍ਨ ਫਾਰਮ ਵਿੱਚ ਕੀਤੀ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿਮੇਵਾਰ ਹੋਵੇਗਾ। ਵਿਭਾਗ ਦੀ ਇਸ ਸਬੰਧੀ ਕੋਈ ਜਿਮੇਵਾਰੀ ਨਹੀਂ ਹੋਵੇਗੀ।

10.4 ਯੋਗਤਾ ਦੀ ਬਰਾਬਰਤਾ ਵਿਵਾਦ ਦੇ ਮਾਮਲੇ ਵਿੱਚ ਸਬੰਧਤ ਜਿਲ੍ਹਾ ਪ੍ਰੀਸ਼ਦ ਵਲੋਂ ਕੀਤਾ ਗਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

10.5 ਉਹ ਉਮੀਦਵਾਰ ਜੋ ਪਹਿਲਾਂ ਹੀ ਰਾਜ ਜਾਂ ਕੇਂਦਰ ਸਰਕਾਰ ਦੇ ਕਰਮਚਾਰੀ ਹਨ, ਆਪਣੀ ਅਰਜ਼ੀ ਯੋਗ ਪ੍ਰਣਾਲੀ ਰਾਹੀਂ ਭੇਜਣਗੇ ਜਾਂ ਕਾਊਂਸਲਿੰਗ ਸਮੇਂ ਆਪਣੇ ਵਿਭਾਗ ਤੋਂ ਇਤਰਾਜਹੀਣਤਾ ਸਰਟੀਫਿਕੇਟ ਪੇਸ਼ ਕਰਨਗੇ।

10.6 ਉਮੀਦਵਾਰ ਕਾਊਂਸਲਿੰਗ ਵੇਲੇ ਤਿੰਨ ਪਾਸਪੋਰਟ ਸਾਈਜ਼ ਫੋਟੋਗ੍ਰਾਫ, ਸਾਰੇ ਅਸਲ ਵਿਦਿਅਕ/ ਪ੍ਰੋਫੈਸ਼ਨਲ ਯੋਗਤਾ, ਡਾਮੀਸਾਈਲ ਅਤੇ ਰਾਖਵੀਂ ਸ਼੍ਰੇਣੀ ਆਦਿ ਨਾਲ ਸਬੰਧਤ ਸਰਟੀਫਿਕੇਟ ਅਤੇ ਉਨਾਂ ਦੀਆਂ ਸਵੈ-ਤਸਦੀਕੀ (Self Attested) ਕਾਪੀਆਂ ਤਿੰਨ ਪੜਤਾਂ ਵਿੱਚ ਫਾਈਲ ਵਿੱਚ ਲਗਾ ਕੇ ਲਿਆਉਣਗੇ। ਇਹ ਸਾਰੇ ਦਸਤਾਵੇਜ਼ ਅਪਲਾਈ ਕਰਨ ਦੀ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ ਦੇ ਜਾਰੀ ਹੋਣੇ ਚਾਹੀਦੇ ਹਨ। ਆਖਰੀ ਮਿਤੀ ਤੋਂ ਬਾਅਦ ਦਾ ਜਾਰੀ ਕੀਤਾ ਗਿਆ ਸਰਟੀਫਿਕੇਟ ਮੰਨਣ ਯੋਗ ਨਹੀਂ ਹੋਵੇਗਾ।ਉਮੀਦਵਾਰ ਨੂੰ ਸਾਰੇ ਅਸਲ ਦਸਤਾਵੇਜ਼ ਕਾਊਂਸਲਿੰਗ ਸਮੇਂ ਜਮ੍ਹਾ ਕਰਵਾਉਣੇ ਹੋਣਗੇ।ਬਾਅਦ ਵਿੱਚ ਕਿਸੇ ਵੀ ਸਟੇਜ ਤੇ ਇਹ ਸਰਟੀਫਿਕੇਟ ਗਲਤ ਪਾਏ ਜਾਣ ਤੇ ਸਬੰਧਤ ਉਮੀਦਵਾਰ ਵਿਰੁੱਧ ਕਾਨੂੰਨ ਦੀਆ ਧਾਰਾਵਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**ਸਵੈਤਸਦੀਕੀ ਦਸਤਾਵੇਜ਼ਾ ਦੀ ਲਿਸਟ:-**

i) ਜਨਮ ਮਿਤੀ ਦਾ ਸਬੂਤ: ਦਸਵੀਂ ਪ੍ਰੀਖਿਆ ਦਾ ਸਰਟੀਫਿਕੇਟ।
ii) ਪੰਜਾਬੀ ਭਾਸ਼ਾ ਪਾਸ ਹੋਦ ਦਾ ਸਬੂਤ।
iii) ਯੋਗਤਾਵਾਂ ਦੇ ਸਰਟੀਫਿਕੇਟ।
iv) ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਦਾ ਸਰਟੀਫਿਕੇਟ।
v) ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਰਾਖਵੀ ਸ੍ਰੇਣੀ ਦਾ ਸਰਟੀਫਿਕੇਟ।

vi) ਐਕਸ ਸਰਵਿਸਮੈਨ / ਆਸ਼ਰਿਤ ਹੋਣ ਦਾ ਸਰਟੀਫਿਕੇਟ।

vii) ਜੇ ਸਰਕਾਰੀ ਮੁਲਾਜ਼ਮ ਹੈ ਤਾਂ ਸਬੂਤ।

viii) ਬੈਂਕ ਚਲਾਨ ਦੀ ਕਾਪੀ।

10.7 ਕਾਊਂਸਲਿੰਗ/ਸਕਰੂਟਨੀ ਸਮੇਂ ਜੇਕਰ ਕਿਸੇ ਉਮੀਦਵਾਰ ਵਲੋਂ ਯੋਗਤਾ ਆਦਿ ਸਬੰਧੀ ਅਸਲ ਦਸਤਾਵੇਜ਼ ਪੇਸ਼ ਨਹੀਂ ਕੀਤੇ ਜਾਂਦੇ ਤਾਂ ਉਸ ਨੂੰ ਨਿਯੁਕਤੀ ਲਈ ਕੋਈ ਹੱਕ ਨਹੀਂ ਹੋਵੇਗਾ ਅਤੇ ਉਸ ਤੋਂ ਜੂਨੀਅਰ ਉਮੀਦਵਾਰ ਨੂੰ ਅਸਾਮੀ ਲਈ ਵਿਚਾਰਿਆ ਜਾਵੇਗਾ।

10.8 ਕਾਊਂਸਲਿੰਗ ਵਿੱਚ ਗੈਰਹਾਜਰ ਰਹਿਣ ਕਾਰਨ ਉਮੀਦਵਾਰ ਦੀ ਪਾਤਰਤਾ ਰੱਦ ਸਮਝੀ ਜਾਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਉਸ ਉਮੀਦਵਾਰ ਨੂੰ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

10.9 ਸਕਰੂਟਨੀ/ਕਾਊਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਟੀ.ਏ/ਡੀ.ਏ ਆਦਿ ਨਹੀਂ ਦਿੱਤਾ ਜਾਵੇਗਾ।

10.10 ਉਮੀਦਵਾਰ ਨੂੰ ਕਾਊਂਸਲਿੰਗ ਤੇ ਬਲਾਏ ਜਾਣ ਨਾਲ ਹੀ ਉਮੀਦਵਾਰ ਨੂੰ ਨਿਯੁਕਤੀ ਦਾ ਹੱਕ ਨਹੀਂ ਹੋਵੇਗਾ।

10.11 ਪਹਿਲਾ ਟੈਂਟੇਟਿਵ ਮੈਰਿਟ ਲਿਸਟ ਬਣਾਈ ਜਾਵੇਗੀ।ਫਾਈਨਲ ਮੈਰਿਟ ਲਿਸਟ ਕਾਊਂਸਲਿੰਗ ਤੋਂ ਬਾਅਦ ਜਾਰੀ ਕੀਤੀ ਜਾਵੇਗੀ ਜੋ ਕਿ ਸਰਟੀਫਿਕੇਟ ਦੀ ਵੈਧਤਾ ਚੈੱਕ ਕਰਨ ਉਪਰੰਤ ਜਾਰੀ ਕੀਤੀ ਜਾਵੇਗੀ।ਇਸ ਵਿੱਚ ਕੋਈ ਵੀ ਵੇਟਿੰਗ ਲਿਸਟ ਤਿਆਰ ਨਹੀਂ ਕੀਤੀ ਜਾਵੇਗੀ।ਜੇਕਰ ਇਨ੍ਹਾ ਅਸਾਮੀਆ ਵਿੱਚੋਂ ਕੁੱਝ ਖਾਲੀ ਰਹਿ ਜਾਦੀਆ ਹਨ ਤਾ ਉਨ੍ਹਾ ਦੀ ਭਰਤੀ ਕਰਨ ਦਾ ਇਸ਼ਤਿਹਾਰ ਦੁਬਾਰਾ ਦਿੱਤਾ ਜਾਵੇਗਾ।

10.12 ਉਮੀਦਵਾਰ ਨੂੰ ਸਲਾਹ ਦਿੱਤੀ ਜਾਦੀ ਹੈ ਕਿ ਉਹ ਸਕਰੂਟਨੀ/ਕਾਊਂਸਲਿੰਗ ਅਤੇ ਨਿਯੁਕਤੀ ਆਦਿ ਸਬੰਧੀ Latest Updates ਵੈਬਸਾਈਟ ਤੇ ਰੈਗੂਲਰ ਦੇਖਦੇ ਰਹਿਣ। ਇਸ ਸਬੰਧੀ ਉਨ੍ਹਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ। ਇਹ ਉਚਿਤ ਹੋਵੇਗਾ ਕਿ ਆਖਰੀ ਦਿਨਾਂ ਦੇ ਰੱਸ਼ ਤੋਂ ਬਚਨ ਲਈ ਉਮੀਦਵਾਰ, ਜਿਨ੍ਹਾਂ ਹੋ ਸਕੇ, ਛੇਤੀ ਤੋਂ ਛੇਤੀ ਅਪਲਾਈ ਕਰਨ ਦੀ ਕੋਸ਼ਿਸ਼ ਕੀਤੀ ਜਾਵੇ।

## 11. ਆਨ ਲਾਈਨ ਅਪਲਾਈ ਕਰਨ ਦੀ ਵਿਧੀ:-

11.1 ਵੈਬਸਾਈਟ www.pbrdp.gov.in

**11.2** ਉਮੀਦਵਾਰ ਵੱਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬ ਸਾਈਟ ਉੱਤੇ ਦਿੱਤੇ ਲਿੰਕ New Registration ਤੇ click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ।ਇਸ ਵਾਸਤੇ ਉਮੀਦਵਾਰ ਨੂੰ ਆਪਣਾ ਪਾਸਵਰਡ ਬਣਾ ਕੇ ਨੋਟ ਕਰਕੇ ਰੱਖ ਲੈਣਾ ਚਾਹੀਦਾ ਹੈ।ਇੱਕ ਵਾਰ ਰਜਿਸਟ੍ਰੇਸ਼ਨ ਕਰਨ ਉਪਰੰਤ ਕੋਈ ਵੀ ਜਾਂਣਕਾਰੀ ਦੁਬਾਰਾ ਅਪਡੇਟ/ ਐਡਿਟ ਨਹੀਂ ਕੀਤੀ ਜਾ ਸਕਦੀ।ਉਮੀਦਵਾਰ ਨੂੰ successful registration ਉਪਰੰਤ SMS ਅਤੇ email ਰਾਹੀਂ ਸੂਚਿਤ ਕੀਤਾ ਜਾਵੇਗਾ ਜਿਸ ਵਿੱਚ ਉਮੀਦਵਾਰ ਦਾ ਪਾਸਵਰਡ ਅਤੇ ਰਜਿਸਟ੍ਰੇਸ਼ਨ ਨੰਬਰ ਹੋਵੇਗਾ।

**11.3** ਰਜਿਸਟ੍ਰੇਸ਼ਨ ਉਪੰਰਤ ਉਮੀਦਵਾਰ ਆਪਣਾ Bank Challan ਜਨਰੇਟ ਕਰ ਸਕਦਾ ਹੈ ਅਤੇ State Bank of Patiala ਵਿੱਚ ਆਪਣੀ ਫੀਸ ਜਮ੍ਹਾਂ ਕਰਵਾ ਸਕਦਾ ਹੈ। ਉਮੀਦਵਾਰ ਵੱਲੋਂ ਰਜਿਸਟ੍ਰੇਸ਼ਨ ਕਰਵਾਉਣ ਤੋਂ **ਇੱਕ ਦਿਨ ਬਾਅਦ ਬੈਂਕ ਵਿੱਚ ਫੀਸ ਜਮ੍ਹਾ ਕਰਵਾਈ ਜਾਵੇ**।'Ex-serviceman' (Self) ਵਾਸਤੇ ਬੈਂਕ ਚਲਾਨ ਜਨਰੇਟ ਨਹੀਂ ਹੋਵੇਗਾ।ਉਹ successful registration ਤੋਂ ਤੁਰੰਤ ਬਾਅਦ ਆਨਲਾਈਨ ਅਪਲਾਈ ਕਰ ਸਕਦਾ ਹੈ।

**ਨੋਟ:**-ਉਦਾਹਰਨ ਲਈ ਜੇਕਰ ਉਮੀਦਵਾਰ ਵੱਲੋਂ ਰਜਿਸਟ੍ਰੇਸ਼ਨ 23/02/2014 ਨੂੰ ਕਰਵਾਈ ਗਈ ਹੈ ਤਾਂ ਬੈਂਕ ਵਿੱਚ ਫੀਸ ਮਿਤੀ 24/02/2014 ਨੂੰ ਜਮ੍ਹਾ ਕਰਵਾਈ ਜਾਵੇਗੀ।

11.4 ਫੀਸ ਸਬੰਧੀ ਬੈਂਕ ਤੋਂ confirmation ਉਪਰੰਤ ਇਸ ਵਿਭਾਗ ਵੱਲੋਂ ਉਮੀਦਵਾਰ ਦੀ ਰਜਿਸਟ੍ਰੇਸ਼ਨ 48 ਘੰਟੇ ਵਿੱਚ Confirm ਕਰ ਦਿੱਤੀ ਜਾਵੇਗੀ ਅਤੇ confirmation ਉਪਰੰਤ ਹੀ ਉਮੀਦਵਾਰ ਆਪਣੀ Online Application ਭਰ ਸਕਦੇ ਹਨ।

11.5 Online Application ਭਰਨ ਉਪਰੰਤ ਇਸ ਦਾ printout ਜਰੂਰ ਲਿਆ ਜਾਵੇ ਅਤੇ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ਼ ਦਸਤੀ, ਕੋਰੀਅਰ ਜਾਂ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ।

11.6 ਉਮੀਦਵਾਰ ਇੱਕ ਸਵੈ ਤਸਦੀਕੀ ਫੋਟੋ ਅਤੇ ਸਕੈਨ ਕੀਤੇ ਦਸਤਖਤ ਆਨਲਾਈਨ ਅਪਲਾਈ ਕਰਨ ਸਮੇਂ ਅਪਲੋਡ ਕਰੇਗਾ (ਫੋਟੋ 50 KB ਅਤੇ ਦਸਤਖਤ 25 KB ਤੋਂ ਜਿਆਦਾ ਨਾ ਹੋਵੇ ਅਤੇ jpg ਫਾਰਮੈਟ ਵਿਚ ਹੀ ਹੋਵੇ।)

## 12. ਆਨ ਲਾਈਨ ਅਪਲਾਈ ਕਰਨ ਦੀ ਮਿਤੀ-

12.1 ਆਨ ਲਾਈਨ ਰਜਿਸਟ੍ਰੇਸ਼ਨ ਕਰਨ ਦੀ ਆਖਰੀ ਮਿਤੀ 15/03/2014 ਹੈ ।

12.2 ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 21/03/2014 ਹੈ।

12.3 ਐਪਲੀਕੇਸ਼ਨ ਫਾਰਮ ਭਰਨ ਦੀ ਆਖਰੀ ਮਿਤੀ 28/03//2014 ਹੈ।

## 13. **ਜਰੂਰੀ ਟੈਲੀਫੋਨ ਨੰਬਰ**

0172-5095024,0172-5212318,0172-2231053

(ਸਮਾਂ ਸਵੇਰੇ 9.00 ਵਜੇ ਤੋਂ ਸ਼ਾਮ ਦੇ 5.00 ਵਜੇ ਤੱਕ)

**email ID : helpline.rdp@gmail.com**

Form of certificate to be submitted by a candidate belonging to scheduled Caste and Scheduled Tribe in support of his/her claim

**FORM OF CASTE CERTIFICATE**

1. This is to certify that Shri/ Shrimati/ Kumari _____________ son/ daughter of Shri_____________________of village/ Town_______________in District/Division_________ State of ___________________belongs to _____________Caste/Tribe, which has been recognised as a Scheduled Caste/ Scheduled Tribe as per " The Constitution (Scheduled Castes) Order 1950".

2. Shri/ Shrimati/ Kumari_______________________ and/or/his/her family ordinary resides in village/town_____________________of District/ Division_____________of the State of____________

Signature______________

Designation__________________

(With Seal of Office)____________

Place_______________

State_______________

Date________________

Note: The word 'ordinarily' resides' here will have the same meaning as is given in Section 20 of the Representation of the People Act, 1950.

Form of certificate to be submitted by a candidate belonging to a Backward Class in support of his/her claim

## FORM OF CERTIFICATE OF BACKWARD CLASS

1 This is to certify that Shri/ Shrimati/ Kumari __________________son / daughter of Shri_______________of village /Town _______________in District/Division_______________ of the State ___________________belongs to the______________Caste which has been recognised as a Backward Class in terms of Punjab Government Letter __________________dated_________

2 This is also certified that he/she does not belong to any category of persons/sections mentioned in column 3 of the schedule to the Punjab Government, Department of Welfare letter No.1/41/93-RCI/459 dated 17-01-1994, No. 1/41/93 RCI/1597 Dated 17-08-2005 & No. 1/41/93-RCI/209 dated 24-02-2009 and No.1 / 4193RCI/ 609 dated 24-10-2013.

3 Shri/Shrimati/Kumari________________________ and/or/his/her family ordinary resides in village/town______________________of District / Division____________________of the State of Punjab.

Signature_____________________

Designation___________________

(With Seal of Office)_____________

Place________________

State________________

Date_________________

Form of certificate to be submitted by a candidate who is a lineal descendant of an- ex-serviceman is support of his/her claim

## LINEAL DESCENDENT CERTIFICATE

(As per Punjab Government Notification No.G.S.R.9/Const/Art.309, 234 and 318/And (5) 2003 dated 6 Nov 2002 and letter No. 15/7/92-4DW/Part11/2056 dated 30 Apr 2003)

Certified that Sh/Smt/Miss________________________is a Lineal Descendent/Wife of No_________________ Rank________________

Name________________who is an Ex-Servicemen as per Identity Card No_____________issued by District Sainik Welfare Officer___________and residing at Village/Town__________PO__________

District___________

2. This certificate is issued to Sh./Smt/Miss________________

Whose date of birth is___________________strictly for the purpose of:

*(a) Employment for the post of_____________________in the office of____________________________________________

*(b) Admission for (name of the class/course)__________________in ____________________(name of the educational institution)

Form-12

(Strikeout whichever is not applicable)

District Sainik Welfare Officer

No: __________________

Place: __________________

Date: __________________